ਵੱਲੋ

ਰਜਿਸਟਰਾਰ,
ਪੰਜਾਬ ਨਰਸਿਜ਼ ਰਜਿਸਟਰੇਸ਼ਨ ਕੌਂਸਲ,
ਐਸ.ਸੀ.ਓ. ਨੰ:- 109, ਸੈਕਟਰ 40- ਸੀ,
ਚੰਡੀਗੜ੍ਹ ।

ਵੱਲ

ਨੰ:- ਪੀ.ਐਨ.ਆਰ.ਸੀ/2010/ ਮਿਤੀ :-

ਵਿਸ਼ਾ ਵਿੱਦਿਅਕ ਸੈਸ਼ਨ 2010-11 ਦੇ ਦਾਖਲੇ ਸਬੰਧੀ (ਜੀ.ਐਨ.ਐਮ. & ਏ.ਐਨ.ਐਮ)

ਵਿੱਦਿਅਕ ਸੈਸ਼ਨ 2010-11 ਦੇ ਦਾਖਲੇ ਸਬੰਧੀ ਪੰਜਾਬ ਸਰਕਾਰ ਵੱਲੋ ਜਾਰੀ ਨੋਟੀਫਿਕੇਸ਼ਨ ਮਿਤੀ 5.7.2004, ਜਿਸ ਵਿੱਚ ਨਰਸਿੰਗ ਸਕੂਲ ਅਤੇ ਇਮਾਰਤ ਜਿਨਾ ਦੀ ਮਲਕੀਅਤ ਸੋਸਾਇਟੀ / ਟਰੱਸਟ ਦੇ ਨਾਮ ਹੋਣੀ ਚਾਹੀਦੀ ਹੈ , ਦਾ ਹਵਾਲਾ ਹੈ, ਉਸ ਦੀ ਇੰਨ ਬਿੰਨ ਪਾਲਣਾ ਕਰਨ ਹਿੱਤ ਇਹ ਇੱਛਾ ਪ੍ਰਗਟ ਕੀਤੀ ਗਈ ਹੈ ਕਿ ਸੈਸ਼ਨ 2010-11 ਦੇ ਦਾਖਲੇ ਦੀ ਪ੍ਰਕ੍ਰਿਆ ਉਹਨਾ ਸੰਸਥਾਵਾ ਵੱਲੋ ਸ਼ੁਰੂ ਕੀਤੀ ਜਾਵੇ, ਜਿਨਾ ਪਾਸ ਮੁਕੰਮਲ ਇਮਾਰਤਾ ਹਨ ਅਤੇ ਉਹ ਇਮਾਰਤਾ ਸਕੂਲ ਚਲਾਉਣ ਦੇ ਯੋਗ ਹਨ । ਉਕਤ ਦੇ ਸਨਮੁੱਖ ਨਿਮਨਹਸਤਾਖਰ ਨੂੰ ਹੇਠ ਦਿੱਤੇ ਅਨੁਸਾਰ ਸੂਚਨਾ ਪੰਜਾਬੀ ਵਿੱਚ, ਅੰਡਰਟੇਕਿੰਗ ਦੇ ਰੂਪ ਵਿੱਚ ਭੇਜੀ ਜਾਵੇ :-

1. ਕਿ ਸੰਸਥਾ ਪਾਸ ਸੋਸਾਇਟੀ / ਟਰੱਸਟ ਦੇ ਨਾਮ ਤੇ ਆਪਣੀ ਇਮਾਰਤ ਹੈ ਜੋ ਕਿ ਨਾਰਮਜ਼ ਮੁਤਾਬਿਕ ਮੁਕੰਮਲ ਹੈ ਅਤੇ ਸਕੂਲ ਚਲਾਉਣ ਦੇ ਯੋਗ ਹੈ ।
2. ਸੰਸਥਾ ਸਰਕਾਰ ਵੱਲੋ ਜਾਰੀ ਇਤਰਾਜ਼ਹੀਣਤਾ ਸਰਟੀਫਿਕੇਟ ਦੀ ਕਾਪੀ ਨਾਲ ਨੱਥੀ ਕਰੇ ਅਤੇ ਸੰਸਥਾ ਇਹ ਵੀ੍ ਦੱਸੇ ਕਿ ਸਕੂਲ ਕਦੋ ਤੋ ਹੋਂਦ ਵਿੱਚ ਆਇਆ ਹੈ ।
3. ਕਿ ਸੰਸਥਾ ਪਾਸ .......... ਐਮ.ਐਸ.ਸੀ. (ਨਰਸਿੰਗ਼) , .................ਬੀ.ਐਸ.ਸੀ. (ਨਰਸਿੰਗ) ਅਤੇ .................. ਟਿਊਟਰ ਹਨ ਅਤੇ ਟੀਚਿੰਗ਼ ਫੈਕਲਟੀ ਦੀ ਲਿਸਟ ਜਿਸ ਵਿੱਚ ਨਾਮ, ਜਨਮ ਮਿਤੀ, ਰਜਿਸਟਰੇਸ਼ਨ ਨੰਬਰ, ਯੋਗਤਾ, ਤਜਰਬਾ, ਜੁਆਇਨਿੰਗ਼ ਮਿਤੀ ਅਤੇ Pay-roll ਦੀ ਕਾਪੀ ਅਤੇ ਫ਼ੋਟੋਗ੍ਰਾਫ ਨੱਥੀ ਕੀਤੇ ਜਾਣ ।

4. ਪ੍ਰਾਈਵੇਟ ਹਸਪਤਾਲ ਜੋ ਕਿ ਕਲੀਨੀਕਲ ਟਰੇਨਿੰਗ ਲਈ ਸੰਸਥਾ ਨਾਲ ਐਫੀਲੀਏਟਿਡ ਹਨ, ਦੇ ਪ੍ਰਬੰਧਕਾ ਵੱਲੋ ਮੌਜੂਦਾ ਹਸਪਤਾਲ ਦੇ ਲੈਟਰ ਹੈਂਡ ਤੇ ਹੇਠ ਲਿਖੇ ਦਸਤਾਵੇਜ਼ ਪੇਸ਼ ਕੀਤੇ ਜਾਣ :-

(i) ਬਿਸਤਰਿਆ ਦੀ ਗਿਣਤੀ / ਵੰਡ
(ii) ਵਿਦਿਆਰਥੀਆ ਦੀ ਗਿਣਤੀ
(iii) ਐਫੀਲੀਏਟਿਡ ਹਸਪਤਾਲਾ ਵੱਲੋ ਟਰੇਨਿੰਗ਼ ਦੇਣ ਦਾ ਤਾਜ਼ਾ ਸਬੂਤ
(iv) ਹਸਪਤਾਲ ਇਸ ਸੰਸਥਾ ਤੋ ਇਲਾਵਾ ਕਿਹੜੀਆ ਹੋਰ ਸੰਸਥਾਵਾ ਨੂੰ ਵੀ ਕਲੀਨੀਕਲ ਟਰੇਨਿੰਗ਼ ਪ੍ਰਦਾਨ ਕਰ ਰਿਹਾ ਹੈ, ਉਹਨਾ ਸਾਰੀਆ ਸੰਸਥਾਵਾ ਦੇ ਸਾਰੇ ਵਿਦਿਆਰਥੀਆ ਦੀ ਗਿਣਤੀ ਦਿੱਤੀ ਜਾਵੇ । (ਤਾਜ਼ਾ ਸਬੂਤ)

5. ਕਿ ਸੰਸਥਾ ਦੀ ਆਪਣੀ ਮੌਜੂਦਾ ਵੈਬ-ਸਾਈਟ ਦਾ ਐਡਰੈਸ ......................... ਹੈ ਅਤੇ ਵਿਦਿਆਰਥੀਆ ਦੇ ਦਾਖਲੇ ਦੀ ਹਰੇਕ ਪ੍ਰਕ੍ਰਿਆ ਨੂੰ ਵਿਸਥਾਰ ਸਹਿਤ ਦਰਸਾਵੇ ਜਿਵੇ ਕਿ ਦਾਖਲੇ ਦੀਆ ਕੁੱਲ ਅਰਜ਼ੀਆ, ਦਾਖਲ ਕੀਤੇ ਗਏ ਵਿਦਿਆਰਥੀਆ ਦੀ ਯੋਗਤਾ ਦਾ ਮਾਪ-ਦੰਡ (ਨਾਰਮਜ਼ ਮੁਤਾਬਿਕ) ਅਤੇ ਦਾਖਲ ਕੀਤੇ ਗਏ ਵਿਦਿਆਰਥੀਆ ਦੀ ਮੈਰਿਟ ਲਿਸਟ ਅਤੇ ਸੰਸਥਾ ਵੱਲੋ ਲਈ ਗਈ ਫੀਸ ਆਦਿ ਦਾ ਵੇਰਵਾ ਦਿੱਤਾ ਗਿਆ ਹੈ ।

6. ਪੰਜਾਬ ਨਰਸਿਜ਼ ਰਜਿਸਟਰੇਸ਼ਨ ਐਕਟ 1932 ਦੇ ਸੈਕਸ਼ਨ 15-B ਵਿੱਚ ਪੰਜਾਬ ਨਰਸਿਜ਼ ਰਜਿਸਟਰੇਸ਼ਨ (Amended) ਐਕਟ 2006 ਰਾਹੀ ਕੀਤੀ ਗਈ ਸੋਧ ਦੁਆਰਾ ਸੈਕਸ਼ਨ 15-B(2) ਅਨੁਸਾਰ ਅਤੇ CWP No. 8209 of 2007 ਸ਼੍ਰੀ ਐਚ.ਸੀ. ਅਰੋੜਾ ਅਨੁਸਾਰ ਉਪਰੋਕਤ ਸਾਰੀ ਸੂਚਨਾ ਸੰਸਥਾ ਆਪਣੀ ਵੈੱਬ-ਸਾਈਟ ਤੇ ਅੱਪ-ਲੋਡ ਕਰਨਾ ਯਕੀਨੀ ਬਣਾਉਣ ।

7. ਇਹ ਵੀ ਤਸਦੀਕ ਕੀਤਾ ਜਾਂਦਾ ਹੈ ਕਿ ਸੈਲਫ਼ ਸਰਟੀਫਿਕੇਸ਼ਨ ਪ੍ਰੋਫਾਰਮਾ ਵਿੱਚ ਦਿੱਤੀ ਸੂਚਨਾ ਸਹੀ ਅਤੇ ਦਰੁੱਸਤ ਹੈ ।

ਉਪਰੋਕਤ ਸੂਚਨਾ ਪ੍ਰਾਪਤ ਹੋਣ ਉਪਰੰਤ ਹੀ ਤੁਹਾਡੀ ਸੰਸਥਾ ਦਾ ਕੇਸ ਸੈਸ਼ਨ 2010-11 ਲਈ ਵਿਚਾਰ ਕੀਤਾ ਜਾਵੇਗਾ ।

**ਰਜਿਸਟਰਾਰ**